CUPE

Canadian Union of Public Employees

ਸੀ ਯੂ ਪੀ ਈ

ਕੈਨੇਡੀਅਨ ਯੂਨੀਅਨ ਆਫ ਪਬਲਿਕ ਇਮਪਲੋਈਜ਼

# ਬਰਾਬਰਤਾ ਦਾ ਬਿਆਨ

ਯੂਨੀਅਨ ਦੀ ਏਕਤਾ ਇਸ ਸਿਧਾਂਤ ’ਤੇ ਉਸਰੀ ਹੁੰਦੀ ਹੈ ਕਿ ਸਾਰੇ ਯੂਨੀਅਨ ਮੈਂਬਰ ਬਰਾਬਰ ਹੁੰਦੇ ਹਨ ਅਤੇ ਹਰ ਪੱਧਰ ’ਤੇ ਇਕ ਦੂਜੇ ਦੇ ਸਤਿਕਾਰ ਦੇ ਪਾਤਰ ਹੁੰਦੇ ਹਨ। ਕੋਈ ਵੀ ਅਜਿਹਾ ਵਤੀਰਾ ਜਿਹੜਾ ਝਗੜਾ ਪੈਦਾ ਕਰਦਾ ਹੋਵੇ ਸਾਨੂੰ ਆਪਣੀ ਯੂਨੀਅਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੱਠੇ ਹੋ ਕੇ ਕੰਮ ਕਰਨ ਤੋਂ ਰੋਕਦਾ ਹੈ।

ਯੂਨੀਅਨ ਦੇ ਹਾਮੀ (ਯੂਨੀਅਨਇਸਟ) ਹੋਣ ਕਰਕੇ ਇਕ ਦੂਜੇ ਦਾ ਸਤਿਕਾਰ, ਮਿਲ਼ ਵਰਤੋਂ ਅਤੇ ਸਾਂਝੀ ਸਮਝ ਸਾਡੇ ਨਿਸ਼ਾਨੇ ਹਨ। ਸਾਨੂੰ ਨਾ ਤਾਂ ਕਿਸੇ ਅਜਿਹੇ ਵਰਤਾਓ ਦੀ ਹਿਮਾਇਤ ਕਰਨੀ ਚਾਹੀਦੀ ਹੈ ਤੇ ਨਾ ਹੀ ਸਹਿਣ ਕਰਨਾ ਚਾਹੀਦਾ ਹੈ ਜੋ ਕਿਸੇ ਵੀ ਵਿਅਕਤੀ ਦੀ ਇੱਜ਼ਤ ਜਾਂ ਸਵੈਮਾਣ ਨੂੰ ਘਟਾਉਂਦਾ ਹੋਵੇ ਜਾਂ ਦੂਜਿਆਂ ਨੂੰ ਘਟੀਆ ਦਿਖਾਉਣ ਵਾਲਾ, ਵਿਰੋਧਤਾ ਵਾਲਾ ਜਾਂ ਅਪਮਾਨਜਨਕ ਮਾਹੌਲ ਪੈਦਾ ਕਰਦਾ ਹੋਵੇ।

ਵਿਤਕਰੇ ਵਾਲੀ ਗੱਲਬਾਤ ਜਾਂ ਵਰਤਾਓ ਜੋ ਨਸਲਵਾਦੀ, ਲਿੰਗਵਾਦੀ, ਟਰਾਂਸਫੋਬਿਕ ਜਾਂ ਹੋਮੋਫੋਬਿਕ ਹੋਵੇ ਦੁਖਦਾਈ ਹੁੰਦਾ ਹੈ ਅਤੇ ਸਾਨੂੰ ਆਪਸ ਵਿਚ ਪਾੜਦਾ ਵੀ ਹੈ। ਇਸੇ ਤਰ੍ਹਾਂ ਹੀ ਯੋਗਤਾ, ਉਮਰ, ਜਮਾਤ, ਧਰਮ, ਬੋਲੀ ਅਤੇ ਨਸਲੀ ਪਿਛੋਕੜ ਦੇ ਅਧਾਰ ’ਤੇ ਕੀਤਾ ਭੇਦਭਾਵ ਵੀ ਅਜਿਹਾ ਹੀ ਕਰਦਾ ਹੈ।

ਕਈ ਵਾਰੀ ਵਿਤਕਰਾ ਦੂਜਿਆਂ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਰੂਪ ਲੈ ਲੈਂਦਾ ਹੈ। ਤੰਗ ਪ੍ਰੇਸ਼ਾਨ ਦਾ ਅਰਥ ਹੈ ਅਸਲੀ ਜਾਂ ਦਿਖਾਵੇ ਵਾਲੀ ਤਾਕਤ ਦੀ ਵਰਤੋਂ ਨਾਲ ਕਿਸੇ ਨਾਲ ਦੁਰਵਿਹਾਰ ਕਰਨਾ, ਕਿਸੇ ਨੂੰ ਘਟੀਆ ਦਿਖਾਉਣਾ ਜਾਂ ਬੇਇਜ਼ਤ ਕਰਨਾ। ਤੰਗ ਪ੍ਰੇਸ਼ਾਨ ਕਰਨ ਦੇ ਮਾਮਲੇ ਨੂੰ ਕਦੇ ਵੀ ਸ਼ੁਗਲ ਵਿੱਚ ਨਹੀਂ ਲੈਣਾ ਚਾਹੀਦਾ। ਇਸ ਨਾਲ ਜਿਹੜੀ ਬੇਚੈਨੀ ਅਤੇ ਨਾਰਾਜ਼ਗੀ ਪੈਦਾ ਹੁੰਦੀ ਹੈ ਉਹ ਅਜਿਹੇ ਅਹਿਸਾਸ ਨਹੀਂ ਜੋ ਸਾਡੀ ਯੂਨੀਅਨ ਵਜੋਂ ਅੱਗੇ ਵਧਣ ਵਿਚ ਮੱਦਦ ਕਰਦੇ ਹਨ।

ਵਿਤਕਰਾ ਅਤੇ ਤੰਗ ਪ੍ਰੇਸ਼ਾਨ ਕਰਨ ਦਾ ਅਮਲ ਸਾਡੀਆਂ ਉਨ੍ਹਾਂ ਖਾਸੀਅਤਾਂ ਵੱਲ ਧਿਆਨ ਕੇਂਦਰਿਤ ਕਰਦਾ ਹੈ ਜੋ ਸਾਨੂੰ ਇਕ ਦੂਜੇ ਤੋਂ ਵੱਖਰਾਉਂਦੇ ਹਨ; ਅਤੇ ਉਹ ਸਾਡੀ ਇਕੱਠੇ ਹੋ ਕੇ ਸਾਂਝੇ ਫਿਕਰਾਂ ਜਿਵੇਂ ਕਿ ਵਧੀਆ ਤਨਖਾਹ, ਕੰਮ ਕਰਨ ਦੀਆਂ ਸੁਰੱਖਿਅਤਾ ਵਾਲੀਆਂ ਹਾਲਤਾਂ, ਅਤੇ ਕੰਮ ਵਾਲੀ ਥਾਂ ’ਤੇ ਇਨਸਾਫ, ਸਮਾਜ ਵਿਚ ਅਤੇ ਸਾਡੀ ਯੂਨੀਅਨ ਵਿਚ ਵੀ, ਇਨ੍ਹਾਂ ਸਭ ਲਈ ਸਾਡੀ ਲੜਨ ਦੀ ਯੋਗਤਾ ਨੂੰ ਘਟਾਉਂਦੇ ਹਨ।

ਕਿਊਪੀ (ਸੀ ਯੂ ਪੀ ਈ) ਦੀਆਂ ਨੀਤੀਆਂ ਅਤੇ ਅਮਲ ਸਾਡੀ ਬਰਾਬਰਤਾ ਵਲ ਬਚਨਵੱਧਤਾ ਦਾ ਸੁਨੇਹਾ ਦਿੰਦੀਆਂ ਹੋਣੀਆਂ ਚਾਹੀਦੀਆਂ ਹਨ। ਸਾਡੇ ਮੈਂਬਰ, ਸਟਾਫ ਅਤੇ ਚੁਣੇ ਹੋਏ ਅਫਸਰ ਸਾਰਿਆਂ ਨੂੰ ਇਸ ਗੱਲ ਦਾ ਪੂਰੀ ਤਰ੍ਹਾਂ ਅਹਿਸਾਸ ਹੋਣਾ ਚਾਹੀਦਾ ਹੈ ਕਿ ਸਾਰੇ ਹੀ ਇਜ਼ਤ, ਬਰਾਬਰਤਾ ਅਤੇ ਸਤਿਕਾਰ ਦੇ ਪਾਤਰ ਹਨ।

ਮਾਰਕ ਹੈਨਕੌਕ

ਕੌਮੀ ਪ੍ਰਧਾਨ

ਕੈਨਡੇਸ ਰਿਨਿਕ

ਕੌਮੀ ਸੈਕਰੇਟਰੀ-ਟਰੈਯਰਰ